2025153005
27/10/2025
ਸੀ-1

# ELECTION CELL


**Electoral Registration Officer,**
**AC- 093-BATHINDA RURAL(SC)-cum- ACA,BDA**
**Email: bathindarural093ac@gmail.com**


ਪੱਤਰ ਨੰ. ਚੋਣ-2025/ 104 ਮਿਤੀ 27/10/25

ਵੱਲ,

1. ਜ਼ਿਲ੍ਹਾ ਸਿੱਖਿਆ ਅਫਸਰ (ਸੈਕੰ/ਐਲੀ.), ਬਠਿੰਡਾ, ਬਰਨਾਲਾ।
2. ਸਮੂਹ ਵਿਭਾਗਾਂ ਦੇ ਮੁੱਖੀ।

ਵਿਸ਼ਾ:- **Special Intensive Revision (SIR) w.r.t 01.01.2026- regarding.**

ਉਪਰੋਕਤ ਵਿਸ਼ੇ ਸਬੰਧੀ ਵਿਧਾਨ ਸਭਾ ਹਲਕਾ 093- ਬਠਿੰਡਾ ਦਿਹਾਤੀ ਦੇ ਬੀ.ਐੱਲ.ਓਜ਼ ਵਲੋਂ ਮੁੱਖ ਚੋਣ ਅਫਸਰ, ਚੰਡੀਗੜ੍ਹ, ਪੰਜਾਬ ਜੀ ਦੀਆਂ ਹਦਾਇਤਾਂ ਅਨੁਸਾਰ ਮੌਜੂਦਾ ਵੋਟਰ ਸੂਚੀ ਦਾ 2003 ਦੀ ਵੋਟਰ ਸੂਚੀ ਨਾਲ ਮਿਲਾਣ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਜਿਸ ਸਬੰਧੀ ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਵੱਲੋਂ ਮਿਤੀ 22.10.2025 ਨੂੰ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਬੀ.ਐੱਲ.ਓ ਵੱਲੋਂ ਉਕਤ ਕੰਮ ਸਬੰਧੀ ਬੀ.ਐੱਲ.ਓ ਐਪ ਉੱਪਰ ਮੈਪਿੰਗ ਮੁਕੰਮਲ ਕਰਵਾਈ ਜਾਣੀ ਹੈ। ਇਸ ਲਈ ਪੈਂਡਿੰਗ ਪਏ ਕੰਮ ਨੂੰ ਮੁੱਖ ਰੱਖਦੇ ਹੋਏ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਦਫਤਰ ਅਧੀਨ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਜਿਨਾਂ ਦੀ ਡਿਊਟੀ ਨਿਮਨਹਸਤਾਖਰ ਦੇ ਦਫਤਰ ਵਿਖੇ ਬਤੌਰ ਬੀ.ਐੱਲ.ਓ ਲੱਗੀ ਹੋਈ ਹੈ, ਨੂੰ ਆਪਣੀ ਵਿਭਾਗੀ ਡਿਊਟੀ ਤੋਂ ਮਿਤੀ 28-10-2025 ਤੋਂ 29-10-2025 ਤੱਕ ਫਾਰਗ ਕਰਕੇ ਬੀ.ਐੱਲ.ਓ ਡਿਊਟੀ ਲਈ ਪਾਬੰਧ ਕੀਤਾ ਜਾਵੇ ਤਾਂ ਜੋ ਉਕਤ ਕੰਮ ਸਮੇਂ ਸਿਰ ਨੇਪਰੇ ਚਾੜਿਆ ਜਾ ਸਕੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
93-ਬਠਿੰਡਾ ਦਿਹਾਤੀ।

ਪਿੱਠ ਅੰਕਣ ਨੰ. ਚੋਣ-2025/ ਮਿਤੀ-

ਉਪਰੋਕਤ ਦਾ ਉਤਾਰਾ:

1.ਮਾਨਯੋਗ ਉਪ ਮੰਡਲ ਮੈਜਿਸਟਰੇਟ ਬਠਿੰਡਾ, ਤਲਵੰਡੀ ਸਾਬੋ, ਮੌੜ, ਰਾਮਪੁਰਾ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੀ ਡਿਊਟੀ ਨਿਮਨਹਸਤਾਖਰ ਦੇ ਦਫਤਰ ਵਿਖੇ ਬਤੌਰ ਬੀ.ਐੱਲ.ਓ ਲੱਗੀ ਹੋਈ ਹੈ, ਜੇਕਰ ਆਪ ਵੱਲੋਂ ਉਹਨਾਂ ਦੀ ਡਿਊਟੀ ਕਿਸੇ ਹੋਰ ਕੰਮ ਸਬੰਧੀ ਆਪ ਦੇ ਦਫਤਰ ਦੇ ਅਧੀਨ ਲਗਾਈ ਗਈ ਹੈ ਤਾਂ ਉਹਨਾਂ ਨੂੰ ਮਿਤੀ 28.10.2025 ਅਤੇ 29.10.2025 ਤੱਕ ਛੋਟ ਦਿੱਤੀ ਜਾਵੇ ਜੀ ਤਾਂ ਜੋ ਮੁੱਖ ਚੋਣ ਅਫਸਰ, ਚੰਡੀਗੜ੍ਹ, ਪੰਜਾਬ ਜੀ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕੰਮ ਮੁੰਕਮਲ ਕੀਤਾ ਜਾ ਸਕੇ।

2. ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਪਾਸ ਸੂਚਨਾ ਹਿੱਤ।

3. ਕਾਰਜਕਾਰੀ ਇੰਜੀਨਿਅਰ, ਜਸਸ ਮੰਡਲ, ਅਬੋਹਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਕੰਮ ਕਰਦੇ ਕਰਮਚਾਰੀ ਸ੍ਰੀ ਜੀਵਨ ਸਿੰਘ, ਸੀਨਿਅਰ ਸਹਾਇਕ ਜੋ ਕਿ 93- ਬਠਿੰਡਾ ਦਿਹਾਤੀ ਵਿਖੇ ਬਤੌਰ ਬੀ.ਐੱਲ.ਓ ਡਿਊਟੀ ਕਰ ਰਹੇ ਹਨ, ਨੂੰ ਵਿਭਾਗੀ ਡਿਊਟੀ ਤੋਂ ਫਾਰਗ ਕਰਕੇ ਚੋਣਾਂ ਸਬੰਧੀ ਕੰਮ ਕਰਨ ਲਈ ਪਾਬੰਧ ਕੀਤਾ ਜਾਵੇ।

4. ਸਮੂਹ ਬੀ.ਐੱਲ.ਓ ਸੁਪਰਵਾਈਜ਼ਰ ਹਲਕਾ 93- ਬਠਿੰਡਾ ਦਿਹਾਤੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸੈਕਟਰ ਵਿੱਚ ਪੈਂਦੇ ਬੂਥਾਂ ਦੇ ਬੀ.ਐੱਲ.ਓ ਪਾਸੋਂ ਇਹ ਕੰਮ ਉਕਤ ਮਿਤੀ ਅਨੁਸਾਰ ਕਰਵਾਉਣਾ ਯਕੀਨੀ ਬਣਾਇਆ ਜਾਵੇ। ਤਾਂ ਜੋ ਇਹ ਕੰਮ ਸਮੇਂ ਸਿਰ ਨੇਪਰੇ ਚੜ ਸਕੇ।

-Sd-
ਚੋਣਕਾਰ ਰਜਿਸਟਰੇਸ਼ਨ ਅਫਸਰ,
93- ਬਠਿੰਡਾ ਦਿਹਾਤੀ।

Scanned with CamScanner

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 6461 ਮਿਤੀ 27-10-25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਲਿਖਕੇ ਭੇਜਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ ਉਕਤ ਅਨੁਸਾਰ ਲਗਾਈ ਗਈ ਡਿਊਟੀ ਲਈ ਪਾਬੰਦ ਕੀਤਾ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ

Scanned with CamScanner